# COVID-19 ਦੀ ਜਾਂਚ ਅਤੇ ਇਸਦਾ ਇਲਾਜ

ਭਾਂਵੇਂ ਕਿ ਜੇ ਤੁਹਾਡੇ ਕੋਲ ਵੀਜ਼ਾ ਨਹੀਂ ਵੀ ਹੈ, ਜਾਂ ਤੁਹਾਨੂੰ ਆਪਣੇ ਵੀਜ਼ੇ ਦੀ ਸਥਿੱਤੀ ਬਾਰੇ ਪੱਕਾ ਯਕੀਨ ਨਹੀਂ ਹੈ, ਤੁਹਾਨੂੰ ਜਨਤਕ ਸਿਹਤ ਨਿਰਦੇਸ਼ਾਂ ਦੀ ਪਾਲਣਾ ਲਾਜ਼ਮੀ ਕਰਨੀ ਚਾਹੀਦੀ ਹੈ। ਜੇ ਤੁਸੀਂ ਬਿਮਾਰ ਮਹਿਸੂਸ ਕਰ ਰਹੇ ਹੋ, ਡਾਕਟਰੀ ਇਲਾਜ ਕਰਵਾਓ ਅਤੇ COVID-19 ਵਾਸਤੇ ਜਾਂਚ ਕਰਵਾਓ।

ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ COVID-19 ਦੀ ਮੁਫਤ ਜਾਂਚ ਅਤੇ ਇਲਾਜ ਦੀ ਪੇਸ਼ਕਸ਼ ਕਰ ਰਹੀਆਂ ਹਨ।

- ਆਸਟ੍ਰੇਲੀਅਨ ਕੈਪੀਟਲ ਟੈਰੀਟਰੀ
- ਨਿਊ ਸਾਊਥ ਵੇਲਜ਼
- ਨੌਰਦਰਨ ਟੈਰੀਟਰੀ
- ਕੁਈਂਜ਼ਲੈਂਡ
- ਸਾਊਥ ਆਸਟ੍ਰੇਲੀਆ
- ਤਸਮਾਨੀਆ
- ਵਿਕਟੋਰੀਆ
- ਵੈਸਟਰਨ ਆਸਟ੍ਰੇਲੀਆ

### ਵਿਕਟੋਰੀਆ ਵਿੱਚ ਪ੍ਰਵਾਸ ਸਬੰਧੀ ਡਾਕਟਰੀ ਜਾਂਚਾਂ (Immigration Medical Examinations)

COVID-19 ਦੀਆਂ ਹੋਰ ਪਾਬੰਦੀਆਂ ਦੇ ਕਰਕੇ, ਵਿਕਟੋਰੀਆ ਵਿੱਚ ਸਾਰੀਆਂ ਪ੍ਰਵਾਸ ਡਾਕਟਰੀ ਜਾਂਚਾਂ ਆਰਜ਼ੀ ਤੌਰ ਤੇ ਬੰਦ ਹੋ ਗਈਆਂ ਹਨ। ਇਸ ਦੀ ਸਮੀਖਿਆ ਜਨਤਕ ਸਿਹਤ ਦੇ ਅਗਲੇਰੇ ਐਲਾਨਾਂ ਦੇ ਅਨੁਸਾਰ ਕੀਤੀ ਜਾਵੇਗੀ।

# ਮੇਰੇ ਕੋਲ ਮਿਲਣ ਗਿਲਣ (ਵਿਜ਼ਟਰ) ਵੀਜ਼ਾ ਜਾਂ ਇਲੈਕਟ੍ਰੌਨਿਕ ਟਰੈਵਲ ਅਥਾਰਿਟੀ (ETA) ਹੈ

ਵਿਜ਼ਟਰ ਵੀਜ਼ੇ ਅਤੇ ETAs ਆਸਟ੍ਰੇਲੀਆ ਵਿੱਚ ਸਿਰਫ ਆਰਜ਼ੀ ਤੌਰ ਤੇ ਰਹਿਣ ਦੀ ਆਗਿਆ ਦਿੰਦੇ ਹਨ। ਆਸਟ੍ਰੇਲੀਆ ਵਿੱਚ ਰਹਿੰਦੇ ਸਮੇਂ ਜੇ ਤੁਸੀਂ ਆਪਣੀ ਦੇਖਭਾਲ ਖੁਦ ਨਹੀਂ ਕਰ ਸਕਦੇ, ਜਿੱਥੇ ਤੁਸੀਂ ਕਰ ਸਕਦੇ ਹੋ ਤੁਹਾਨੂੰ ਇੱਥੋਂ ਜਾਣ ਦੇ ਪ੍ਰਬੰਧ ਕਰਨੇ ਚਾਹੀਦੇ ਹਨ। ਆਸਟ੍ਰੇਲੀਆ ਨੂੰ ਛੱਡਣ ਵੇਲੇ ਤੁਹਾਨੂੰ ਸਫਰ ਦੀ ਛੋਟ ਵਾਸਤੇ ਅਰਜ਼ੀ ਪਾਉਣ ਦੀ ਲੋੜ ਨਹੀਂ ਹੈ।

ਜੇਕਰ ਤੁਸੀਂ ਆਪਣੇ ਦੇਸ਼ ਨੂੰ ਵਾਪਸ ਨਹੀਂ ਜਾ ਸਕਦੇ, ਤੁਹਾਨੂੰ ਵੈਧ ਵੀਜ਼ਾ ਬਣਾਈ ਰੱਖਣਾ ਪਵੇਗਾ ਅਤੇ ਜਦੋਂ ਜ਼ਰੂਰੀ ਹੋਵੇ ਡਾਕਟਰੀ ਸਲਾਹ ਲੈਣ ਦੀ ਲੋੜ ਪਵੇਗੀ।

## ਪਤਾ ਕਰਨਾ ਕਿ ਮੇਰਾ ਵੀਜ਼ਾ ਕਦੋਂ ਖਤਮ ਹੋ ਰਿਹਾ ਹੈ

ਆਪਣੇ ਠਹਿਰਣ ਦੀ ਮਨਜ਼ੂਰਸ਼ੁਦਾ ਮਿਆਦ ਦੇ ਖਤਮ ਹੋਣ ਵੇਲੇ ਜੇਕਰ ਤੁਸੀਂ ਅਜੇ ਵੀ ਆਸਟ੍ਰੇਲੀਆ ਵਿੱਚ ਹੀ ਹੋ, ਤੁਹਾਡਾ ਵਿਜ਼ਟਰ ਵੀਜ਼ਾ ਜਾਂ ETA ਆਪਣੇ ਆਪ ਮੁੱਕ ਜਾਵੇਗਾ।

ਤੁਸੀਂ:

- ਆਪਣੇ ਵੀਜ਼ੇ ਦੇ ਵੇਰਵੇ VEVO, myVEVO ਐਪ, ਆਪਣੇ ਵੀਜ਼ਾ ਜਾਰੀ ਹੋਣ ਦੀ ਚਿੱਠੀ ਜਾਂ ਆਪਣੇ ImmiAccountਰਾਹੀਂ ਜਾਂਚ ਸਕਦੇ ਹੋ।
- ਆਪਣੀ ETA ਦੀ ਖਤਮ ਹੋਣ ਦੀ ਤਰੀਕ ਅਤੇ ਸ਼ਰਤਾਂ ਦੀ ਜਾਂਚ ਸਾਡੀ ETA ਨੂੰ ਸੇਵਾ ਰਾਹੀਂ ਕਰ ਸਕਦੇ ਹੋ।

**ਟਿੱਪਣੀ:** ਜੇ ਤੁਸੀਂ ਆਸਟ੍ਰੇਲੀਆ ਵਿੱਚੋਂ ਘੁੰਮ ਕੇ ਆਉਣ ਵਾਲੇ ਸਮੁੰਦਰੀ ਜਹਾਜ਼ ਉੱਤੇ ਚਲੇ ਜਾਂਦੇ ਅਤੇ ਵਾਪਸ ਆ ਜਾਂਦੇ ਹੋ, ਸਮੁੰਦਰੀ ਯਾਤਰਾ ਤੇ ਬਿਤਾਏ ਸਮੇਂ ਨੂੰ ਆਸਟ੍ਰੇਲੀਆ ਵਿੱਚ ਬਿਤਾਏ ਸਮੇਂ ਵਿੱਚ ਗਿਣਿਆ ਜਾਵੇਗਾ - ਮਤਲਬ, ਅਸੀਂ ਨਹੀਂ ਗਿਣਾਂਗੇ ਕਿ ਤੁਸੀਂ ਆਸਟ੍ਰੇਲੀਆ ਨੂੰ ਛੱਡ ਕੇ ਗਏ ਹੋ। ਘੁੰਮ ਕੇ ਆਉਣ ਵਾਲੇ ਸਮੁੰਦਰੀ ਜਹਾਜ਼ ਦੀ ਯਾਤਰਾ ਤੁਹਾਡੇ ਵੀਜ਼ੇ ਦੀ ਰਹਿਣ ਦੀ ਮਿਆਦ ਨੂੰ ਦੋਬਾਰਾ ਸ਼ੁਰੂ ਨਹੀਂ ਕਰੇਗੀ। ਸਮੁੰਦਰੀ ਜਹਾਜ਼ ਦੀ ਯਾਤਰਾ ਚਲਾਉਣ ਵਾਲੇ ਆਪਣੇ ਏਜੰਟ ਨੂੰ ਪੁੱਛੋ ਕਿ ਜੇ ਅਸੀਂ ਤੁਹਾਡੀ ਯਾਤਰਾ ਨੂੰ ਘੁੰਮ ਕੇ ਆਉਣ ਵਾਲੀ ਯਾਤਰਾ ਮੰਨਦੇ ਹਾਂ ਜਾਂ ਨਹੀਂ।

## ਮੇਰੇ ਵੀਜ਼ੇ ਨੂੰ ਵਧਾਉਣਾ

ਆਸਟ੍ਰੇਲੀਆ ਦੇ ਪਰਵਾਸੀ ਕਾਨੂੰਨ ਦੇ ਅਧੀਨ, ਵਿਜ਼ਟਰ ਵੀਜ਼ੇ ਜਾਂ ETA ਨੂੰ ਵਧਾਉਣਾ ਸੰਭਵ ਨਹੀਂ ਹੈ।

ਇਸ ਤੋਂ ਪਹਿਲਾਂ ਕਿ ਤੁਹਾਡਾ ਚਲੰਤ ਵੀਜ਼ਾ ਮੁੱਕੇ ਤੁਸੀਂ ਲਾਜ਼ਮੀ ਨਵੇਂ ਵੀਜ਼ੇ ਲਈ ਅਰਜ਼ੀ ਦਿਓ।

ਬਹੁਤੇ ਮਾਮਲਿਆਂ ਵਿੱਚ, ਜੇ ਤੁਸੀਂ ਆਪਣੇ ਆਪ ਦੀ ਦੇਖਭਾਲ ਕਰ ਸਕਦੇ ਹੋ, ਤੁਸੀਂ ਆਸਟ੍ਰੇਲੀਆ ਵਿੱਚ ਵਿਜ਼ਟਰ (ਸੈਲਾਨੀ ਸਟਰੀਮ) ਵਜੋਂ ਰਹਿਣ ਲਈ ਅਰਜ਼ੀ ਦੇ ਸਕਦੇ ਹੋ। ਜੇ ਤੁਸੀਂ ਆਸਟ੍ਰੇਲੀਆ ਵਿੱਚ ਪਹਿਲਾਂ ਹੀ ਵਿਜ਼ਟਰ ਵੀਜ਼ੇ ਲਈ ਅਰਜ਼ੀ ਪਾ ਦਿੱਤੀ ਹੈ, ਤਾਂ ਵਿਜ਼ਟਰ ਵੀਜ਼ਾ ਕਾਰਵਾਈ ਪ੍ਰਬੰਧ ਵੇਖੋ।

ਜੇਕਰ ਆਸਟ੍ਰੇਲੀਆ ਵਿੱਚ ਤੁਹਾਡਾ ਵਿਜ਼ਟਰ ਵੀਜ਼ਾ ਖਤਮ ਹੋ ਰਿਹਾ ਹੈ, ਤੁਸੀਂ ਇਸ ਸਮੇਂ ਵਾਪਸ ਘਰ ਨਹੀਂ ਜਾ ਸਕਦੇ ਹੋ ਅਤੇ ਤੁਸੀਂ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਹੋ, ਤੁਸੀਂ COVID-19 ਮਹਾਂਮਾਰੀ ਘਟਨਾ ਵੀਜ਼ੇ ਦੇ ਯੋਗ ਹੋ ਸਕਦੇ ਹੋ। ਤੁਹਾਨੂੰ ਇਹ ਵਿਖਾਉਣ ਦੀ ਲੋੜ ਹੋਵੇਗੀ ਕਿ ਕਿਉਂ ਤੁਸੀਂ ਵਿਜ਼ਟਰ ਵੀਜ਼ੇ ਦੇ ਸਮੇਤ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ ਹੋ। ਇਸ ਵਿੱਚ ਬਿਆਨ ਅਤੇ ਸਬੂਤ ਸ਼ਾਮਲ ਹੋ ਸਕਦੇ ਹਨ ਕਿ ਤੁਹਾਡੇ ਕੋਲ ਕਿਸੇ ਦੂਸਰੇ ਵੀਜ਼ੇ ਲਈ ਅਰਜ਼ੀ ਦੀ ਫੀਸ (VAC) ਦਾ ਭੁਗਤਾਨ ਕਰਨ ਲਈ ਕਾਫੀ ਰਕਮ ਤੱਕ ਪਹੁੰਚ ਨਹੀਂ ਹੈ।

ਤੁਸੀਂ ਆਪਣੇ ਦੂਸਰੇ ਵੀਜ਼ੇ ਵਿਕਲਪਾਂ ਦੀ ਪੜਚੋਲ ਵੀ ਕਰ ਸਕਦੇ ਹੋ।

## ਨਵੇਂ ਵੀਜ਼ੇ ਲਈ ਅਰਜ਼ੀ ਦੇਣਾ

ਅਸੀਂ ਤੁਹਾਨੂੰ ਅਰਜ਼ੀ ਦੇਣ ਲਈ ਉਤਸ਼ਾਹਿਤ ਕਰਦੇ ਹਾਂ:

- ਜਿੱਥੇ ਵੀ ਸੰਭਵ ਹੋਵੇ ImmiAccount ਵਿੱਚ
- ਆਪਣੇ ਚਲੰਤ ਵੀਜ਼ੇ ਦੇ ਖਤਮ ਹੋਣ ਤੋਂ 4 ਹਫਤਿਆਂ ਤੋਂ ਪਹਿਲਾਂ ਨਹੀਂ।

ਜਦੋਂ ਤੁਸੀਂ ਨਵੇਂ ਵੀਜ਼ੇ ਲਈ ਅਰਜ਼ੀ ਦਿੰਦੇ ਹੋ, ਤੁਹਾਨੂੰ ਬਰਿਜਿੰਗ ਵੀਜ਼ਾ ਦਿੱਤਾ ਜਾ ਸਕਦਾ ਹੈ ਜੋ ਕਿ ਤੁਹਾਨੂੰ ਆਸਟ੍ਰੇਲੀਆ ਵਿੱਚ ਕਾਨੂੰਨੀ ਤੌਰ ਤੇ ਰਹਿਣ ਦੀ ਆਗਿਆ ਦੇਵੇਗਾ ਜਦ ਤੱਕ ਤੁਹਾਡੀ ਵੀਜ਼ੇ ਦੀ ਅਰਜ਼ੀ ਦਾ ਫੈਸਲਾ ਨਹੀਂ ਹੋ ਜਾਂਦਾ ਹੈ।

ਜੇਕਰ ਤੁਹਾਡੇ ਵੀਜ਼ੇ ਉੱਤੇ 'ਮਿਆਦ ਹੋਰ ਅੱਗੇ ਨਾ ਵਧਾਉਣ ਦੀ ਸ਼ਰਤ (no further stay condition)' ਲੱਗੀ ਹੋਈ ਹੈ, ਇਸ ਤੋਂ ਪਹਿਲਾਂ ਕਿ ਤੁਸੀਂ ਕਿਸੇ ਦੂਸਰੇ ਵੀਜ਼ੇ ਲਈ ਅਰਜ਼ੀ ਦਿਓ ਤੁਹਾਨੂੰ ਇਸ ਸ਼ਰਤ ਨੂੰ ਹਟਾਉਣ ਲਈ ਅਰਜ਼ੀ ਦੇਣੀ ਪਵੇਗੀ।

ਜੇਕਰ ਤੁਹਾਡਾ ਵੀਜ਼ਾ ਪਹਿਲਾਂ ਹੀ ਖਤਮ ਹੋ ਚੁੱਕਾ ਹੈ, ਮੇਰਾ ਵੀਜ਼ਾ ਖਤਮ ਹੋ ਚੁੱਕਿਆ ਹੈ ਵੇਖੋ।

## ਕੰਮ ਕਰਨਾ

ਮਿਲਣ ਗਿਲਣ ਵਾਲੇ (ਵਿਜ਼ਟਰ) ਵੀਜ਼ੇ ਜਾਂ ETA ਧਾਰਕਾਂ ਨੂੰ ਆਸਟ੍ਰੇਲੀਆ ਵਿੱਚ ਕੰਮ ਕਰਨ ਦੀ ਆਗਿਆ ਨਹੀਂ ਹੈ।

## ਵੀਜ਼ੇ ਦੀਆਂ ਸ਼ਰਤਾਂ

ਵਿਭਾਗ ਮੰਨਦਾ ਹੈ ਕਿ COVID-19 ਸਫਰ ਦੀਆਂ ਪਾਬੰਦੀਆਂ ਕੁਝ ਅੰਤਰ-ਰਾਸ਼ਟਰੀ ਪ੍ਰਾਹੁਣਿਆਂ ਨੂੰ ਯੋਜਨਾ ਦੇ ਹਿਸਾਬ ਨਾਲ ਆਸਟ੍ਰੇਲੀਆ ਵਿੱਚੋਂ ਚਲੇ ਜਾਣ ਤੋਂ ਅਤੇ ਉਹਨਾਂ ਦੇ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਰੋਕ ਸਕਦੀਆਂ ਹਨ। ਭਵਿੱਖ ਵਿੱਚ ਕਿਸੇ ਅਰਜ਼ੀ ਉੱਤੇ ਵਿਚਾਰ ਕਰਨ ਸਮੇਂ ਅਸੀਂ ਇਸ ਗੱਲ ਨੂੰ ਧਿਆਨ ਵਿੱਚ ਰੱਖਾਂਗੇ ਇਹ ਯਕੀਨੀ ਬਨਾਉਣ ਲਈ ਕਿ ਤੁਹਾਡੇ ਉੱਤੇ ਉਹਨਾਂ ਹਾਲਾਤਾਂ ਦਾ ਪ੍ਰਭਾਵ ਨਾ ਪਵੇ ਜੋ ਤੁਹਾਡੇ ਵੱਸੋਂ ਬਾਹਰ ਹਨ।

ਆਸਟ੍ਰੇਲੀਆ ਵਿੱਚ ਵਿਜ਼ਟਰ ਵੀਜ਼ਾ ਧਾਰਕਾਂ ਉੱਤੇ ਹੇਠ ਲਿਖੀਆਂ ਸ਼ਰਤਾਂ ਲਾਗੂ ਹੋ ਸਕਦੀਆਂ ਹਨ:

### ਹੋਰ ਅੱਗੇ ਨਾ ਰਹਿ ਸਕਣ ਦੀ ਸ਼ਰਤ (8503, 8534 ਅਤੇ 8535 ਸਮੇਤ)

ਜੇਕਰ ਤੁਹਾਡੇ ਕੋਲ ਹੋਰ ਅੱਗੇ ਨਾ ਰਹਿ ਸਕਣ ਦੀ ਸ਼ਰਤ ਵਾਲਾ ਵੀਜ਼ਾ ਹੈ, ਤੁਸੀਂ ਦੂਸਰੇ ਬਹੁਤੇ ਵੀਜ਼ਿਆਂ ਲਈ ਅਰਜ਼ੀ ਨਹੀਂ ਦੇ ਸਕਦੇ ਜਦ ਤੱਕ ਕਿ ਸ਼ਰਤ ਨੂੰ ਹਟਾ ਨਹੀਂ ਦਿੱਤਾ ਜਾਂਦਾ।

ਜੇ ਤੁਸੀਂ ਕਿਸੇ ਦੂਸਰੇ ਵੀਜ਼ੇ ਲਈ ਅਰਜ਼ੀ ਪਾਉਣਾ ਚਾਹੁੰਦੇ ਹੋ ਅਤੇ ਤੁਹਾਡੇ ਵੀਜ਼ਾ 4 ਹਫਤਿਆਂ ਤੋਂ ਘੱਟ ਸਮੇਂ ਵਿੱਚ ਖਤਮ ਹੋ ਜਾਵੇਗਾ, ਤੁਹਾਨੂੰ ਇਸ ਸ਼ਰਤ ਨੂੰ ਹਟਾਉਣ ਲਈ ਅਰਜ਼ੀ ਦੇਣੀ ਪਵੇਗੀ।

ਜੇਕਰ ਤੁਹਾਡੀ ਬੇਨਤੀ ਮਨਜ਼ੂਰ ਹੋ ਜਾਂਦੀ ਹੈ, ਇਸ ਤੋਂ ਪਹਿਲਾਂ ਕਿ ਮੌਜੂਦਾ ਵੀਜ਼ਾ ਮੁੱਕ ਜਾਵੇ ਤੁਹਾਨੂੰ ਵੀਜ਼ੇ ਲਈ ਨਵੀਂ ਅਰਜ਼ੀ ਪਾਉਣੀ ਚਾਹੀਦੀ ਹੈ।

### ਸ਼ਰਤ 8531 (ਰਹਿਣ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਆਸਟ੍ਰੇਲੀਆ ਵਿੱਚ ਬਿਲਕੁਲ ਨਹੀਂ ਰਹਿ ਸਕਦੇ)

ਇਸ ਸ਼ਰਤ ਨੂੰ ਹਟਾਇਆ ਨਹੀਂ ਜਾ ਸਕਦਾ ਹੈ, ਪਰੰਤੂ ਇਹ ਤੁਹਾਨੂੰ ਅੱਗੇ ਕੋਈ ਹੋਰ ਵੀਜ਼ੇ ਵਾਲੀ ਅਰਜ਼ੀ ਪਾਉਣ ਤੋਂ ਨਹੀਂ ਰੋਕੇਗੀ।

ਜੇਕਰ ਤੁਹਾਡੇ ਕੋਲ 8531 ਸ਼ਰਤ ਵਾਲਾ ਵੀਜ਼ਾ ਹੈ, ਇਸ ਤੋਂ ਪਹਿਲਾਂ ਕਿ ਮੌਜੂਦਾ ਵੀਜ਼ਾ ਮੁੱਕ ਜਾਵੇ ਤੁਹਾਨੂੰ ਵੀਜ਼ੇ ਲਈ ਨਵੀਂ ਅਰਜ਼ੀ ਪਾਉਣੀ ਚਾਹੀਦੀ ਹੈ।

### ਸ਼ਰਤ 8558 (ਕਿਸੇ 18 ਮਹੀਨਿਆਂ ਦੇ ਸਮੇਂ ਦੌਰਾਨ 12 ਮਹੀਨਿਆਂ ਤੋਂ ਜ਼ਿਆਦਾ ਆਸਟ੍ਰੇਲੀਆ ਵਿੱਚ ਨਹੀਂ ਰਹਿ ਸਕਦੇ)

ਇਸ ਸ਼ਰਤ ਨੂੰ ਹਟਾਇਆ ਨਹੀਂ ਜਾ ਸਕਦਾ ਹੈ, ਪਰੰਤੂ ਇਹ ਤੁਹਾਨੂੰ ਅੱਗੇ ਕੋਈ ਹੋਰ ਵੀਜ਼ੇ ਵਾਲੀ ਅਰਜ਼ੀ ਪਾਉਣ ਤੋਂ ਨਹੀਂ ਰੋਕੇਗੀ।

ਜੇਕਰ ਤੁਹਾਡੇ ਕੋਲ 8558 ਸ਼ਰਤ ਵਾਲਾ ਵੀਜ਼ਾ ਹੈ, ਇਸ ਤੋਂ ਪਹਿਲਾਂ ਕਿ ਮੌਜੂਦਾ ਵੀਜ਼ਾ ਮੁੱਕ ਜਾਵੇ ਤੁਹਾਨੂੰ ਅੱਗੇ ਵੀਜ਼ੇ ਲਈ ਅਰਜ਼ੀ ਪਾਉਣੀ ਚਾਹੀਦੀ ਹੈ।

ਆਪਣੇ ਠਹਿਰਣ ਦੀ ਮਨਜ਼ੂਰਸ਼ੁਦਾ ਮਿਆਦ ਦੇ ਖਤਮ ਹੋਣ ਵੇਲੇ ਜੇਕਰ ਤੁਸੀਂ ਅਜੇ ਵੀ ਆਸਟ੍ਰੇਲੀਆ ਵਿੱਚ ਹੀ ਹੋ, ਤੁਹਾਡਾ ਵੀਜ਼ਾ ਆਪਣੇ ਆਪ ਮੁੱਕ ਜਾਵੇਗਾ।

ਤੁਹਾਡਾ ਵੀਜ਼ਾ ਆਪਣੇ ਆਪ ਖਤਮ ਨਹੀਂ ਹੋਵੇਗਾ ਜੇ ਤੁਸੀਂ ਕਿਸੇ 18 ਮਹੀਨਿਆਂ ਦੇ ਸਮੇਂ ਦੌਰਾਨ 12 ਮਹੀਨਿਆਂ ਦੇ ਕੁੱਲ ਸਮੇਂ ਤੋਂ ਜ਼ਿਆਦਾ ਆਸਟ੍ਰੇਲੀਆ ਵਿੱਚ ਰਹੇ ਹੋ (ਜਿੱਥੋਂ ਤੱਕ ਕਿ ਤੁਸੀਂ ਆਪਣੀ ਕਿਸੇ ਇਕ ਫੇਰੀ ਦੌਰਾਨ ਰਹਿਣ ਦੀ ਮਿਆਦ ਤੋਂ ਜ਼ਿਆਦਾ ਨਹੀਂ ਰਹੇ ਹੋ)।

## ਵਿਜ਼ਟਰ ਵੀਜ਼ੇ ਦੀਆਂ ਅਰਜ਼ੀਆਂ ਉਪਰ ਕਾਰਵਾਈ ਦੇ ਪ੍ਰਬੰਧ

COVID-19 ਦੇ ਕਾਰਣ ਵੀਜ਼ੇ ਦੀਆਂ ਅਰਜ਼ੀਆਂ ਉਪਰ ਕਾਰਵਾਈ ਦੇ ਸਮਿਆਂ ਉੱਤੇ ਪ੍ਰਭਾਵ ਪਿਆ ਹੈ ਅਤੇ ਅਰਜ਼ੀਆਂ ਦਾ ਫੈਸਲਾ ਹੋਣ ਨੂੰ ਲੰਬਾ ਸਮਾਂ ਲੱਗ ਸਕਦਾ ਹੈ।

ਜਦੋਂ ਤੁਸੀਂ ਆਸਟ੍ਰੇਲੀਆ ਦੇ ਅੰਦਰ ਵਿਜ਼ਟਰ ਵੀਜ਼ੇ ਲਈ ਅਰਜ਼ੀ ਪਾਉਂਦੇ ਹੋ, ਤੁਹਾਨੂੰ ਬਰਿਜ਼ਿੰਗ ਵੀਜ਼ਾ ਜਾਰੀ ਹੋਵੇਗਾ। ਸਾਡੇ ਦੁਆਰਾ ਤੁਹਾਡੀ ਅਰਜ਼ੀ ਉੱਤੇ ਫੈਸਲਾ ਲੈਣ ਤੋਂ ਪਹਿਲਾਂ ਜੇ ਤੁਹਾਡਾ ਚਲੰਤ ਵੀਜ਼ਾ ਖਤਮ ਹੋ ਜਾਂਦਾ ਹੈ, ਬਰਿਜ਼ਿੰਗ ਵੀਜ਼ਾ ਸ਼ੁਰੂ ਹੋ ਜਾਵੇਗਾ। ਇਹ ਯਕੀਨੀ ਬਣਾਏਗਾ ਕਿ ਤੁਸੀਂ ਕਾਨੂੰਨੀ ਤੌਰ ਤੇ ਰਹਿ ਸਕੋ।

ਤੁਸੀਂ ਆਸਟ੍ਰੇਲੀਆ ਵਿੱਚ ਬਰਿਜ਼ਿੰਗ ਵੀਜ਼ੇ ਉੱਤੇ ਰਹਿ ਸਕਦੇ ਹੋ ਜਦੋਂ ਕਿ ਅਸੀਂ ਤੁਹਾਡੀ ਨਵੀਂ ਅਰਜ਼ੀ ਉੱਤੇ ਕਾਰਵਾਈ ਕਰ ਰਹੇ ਹਾਂ। ਤੁਹਾਨੂੰ ਬਰਿਜ਼ਿੰਗ ਵੀਜ਼ੇ ਦੇ ਜਾਰੀ ਹੋਣ ਦੀ ਸੂਚਨਾ ਪ੍ਰਾਪਤ ਹੋਣ ਵਿੱਚ ਕੁਝ ਦੇਰੀ ਹੋ ਸਕਦੀ ਹੈ। ਜਦੋਂ ਤੱਕ ਕਿ ਤੁਸੀਂ ਆਪਣੇ ਚਲੰਤ ਵੀਜ਼ੇ ਦੇ ਖਤਮ ਹੋਣ ਤੋਂ ਪਹਿਲਾਂ ਨਵੇਂ ਵਿਜ਼ਟਰ ਵੀਜ਼ੇ ਲਈ ਅਰਜ਼ੀ ਪਾ ਦਿੱਤੀ ਸੀ, ਤੁਹਾਨੂੰ ਆਪਣੇ ਕਾਨੂੰਨੀ ਤੌਰ ਤੇ ਰਹਿਣ ਬਾਰੇ ਚਿੰਤਾ ਨਹੀਂ ਹੋਣੀ ਚਾਹੀਦੀ ਭਾਂਵੇਂ ਕਿ ਅਸੀਂ ਤੁਹਾਨੂੰ ਬਰਿਜ਼ਿੰਗ ਦੇ ਵੀਜ਼ੇ ਜਾਰੀ ਹੋਣ ਦੀ ਸੂਚਨਾ ਅਜੇ ਨਹੀਂ ਭੇਜੀ ਹੈ।

ਅਸੀਂ ਤੁਹਾਨੂੰ ਦੱਸਾਂਗੇ ਕਿ ਜੇ ਸਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਜਾਂ ਜਦੋਂ ਅਸੀਂ ਫੈਸਲਾ ਲੈ ਲਿਆ।

ਜੇ ਤੁਸੀਂ ਸਾਡੇ ਦੁਆਰਾ ਫੈਸਲਾ ਲੈਣ ਤੋਂ ਪਹਿਲਾਂ ਆਸਟ੍ਰੇਲੀਆ ਵਿੱਚੋਂ ਚਲੇ ਜਾਂਦੇ ਹੋ, ਤੁਸੀਂ ਆਪਣੀ ਅਰਜ਼ੀ ਨੂੰ ਵਾਪਸ ਲੈ ਸਕਦੇ ਹੋ।

ਸਾਡੇ ਕੋਲੋਂ ਆਏ ਸੁਨੇਹਿਆਂ ਨੂੰ ਵੇਖਣ ਲਈ, ਆਪਣੇ ਵੇਰਵਿਆਂ ਨੂੰ ਨਵਿਆਉਣ (ਅਪਡੇਟ ਕਰਨ) ਲਈ, ਸਾਨੂੰ ਦੱਸਣ ਲਈ ਕਿ ਤੁਸੀਂ ਗਲਤੀ ਕਰ ਲਈ ਹੈ ਜਾਂ ਆਪਣੀ ਅਰਜ਼ੀ ਨੂੰ ਵਾਪਸ ਲੈਣ ਲਈ, ਆਪਣੇ ImmiAccount ਨੂੰ ਵਰਤੋ।

## ਸੇਵਾ ਵਿੱਚ ਵਿਘਨ

ਵੀਜ਼ੇ ਦੀ ਅਰਜ਼ੀ ਦੀਆਂ ਕਾਰਵਾਈਆਂ ਨਾਲ ਸੰਬੰਧਿਤ ਕੁਝ ਸੇਵਾਵਾਂ COVID-19 ਦੇ ਕਾਰਣ ਪ੍ਰਭਾਵਿਤ ਹੋ ਸਕਦੀਆਂ ਹਨ ਅਤੇ ਹੋ ਸਕਦਾ ਹੈ ਕਿ ਬਹੁਤ ਸਾਰੀਆਂ ਸੇਵਾਵਾਂ ਜਿੰਨ੍ਹਾਂ ਉਪਰ ਅਸੀਂ ਨਿਰਭਰ ਕਰਦੇ ਹਾਂ ਉਹ ਥੋੜ੍ਹੇ ਸਮੇਂ ਲਈ ਉਪਲਬਧ ਨਾ ਹੋਣ (ਜਿਵੇਂ ਡਾਕਟਰੀ ਜਾਂਚਾਂ)। ਜਿੱਥੇ ਇਹ ਮਾਮਲਾ ਹੋਵੇਗਾ, ਤੁਹਾਨੂੰ ਜਾਂਚਾਂ ਪੂਰੀਆਂ ਕਰਨ ਅਤੇ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਲਈ ਵਾਧੂ ਸਮਾਂ ਦਿੱਤਾ ਜਾਵੇਗਾ।

## ਵਧੇਰੇ ਜਾਣਕਾਰੀ ਪ੍ਰਦਾਨ ਕਰਨੀ

ਜੇ ਤੁਹਾਨੂੰ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਲਈ ਕਿਹਾ ਜਾਂਦਾ ਹੈ, ਬੇਨਤੀ ਕੀਤੀ ਗਈ ਜਾਣਕਾਰੀ ਨੂੰ ਜਿੰਨ੍ਹਾਂ ਛੇਤੀ ਸੰਭਵ ਹੋਵੇ ਸਾਨੂੰ ਆਪਣੇ ImmiAccount ਵਿੱਚ ਭੇਜੋ।

ਜੇ ਤੁਸੀਂ ਤਹਿ ਕੀਤੇ ਸਮੇਂ ਦੇ ਅੰਦਰ ਜਾਣਕਾਰੀ ਪ੍ਰਦਾਨ ਨਹੀਂ ਕਰ ਸਕਦੇ, ਆਪਣੇ ImmiAccount ਵਿੱਚ ਸਪੱਸ਼ਟੀਕਰਣ ਦਿਓ। ਤੁਹਾਡੇ ਵੀਜ਼ੇ ਦੀ ਅਰਜ਼ੀ ਨੂੰ ਵਿਚਾਰਨ ਦੇ ਸਮੇਂ ਸੇਵਾਵਾਂ ਵਿੱਚ ਆਏ ਕਿਸੇ ਵਿਘਨਾਂ ਨੂੰ ਅਸੀਂ ਧਿਆਨ ਵਿੱਚ ਰੱਖਾਂਗੇ। ਤੁਹਾਡੀ ਅਰਜ਼ੀ ਉੱਤੇ ਫੈਸਲਾ ਲੈਣ ਤੋਂ ਪਹਿਲਾਂ ਜੇ ਸਾਨੂੰ ਅਜੇ ਵੀ ਹੋਰ ਜਾਣਕਾਰੀ ਦੀ ਲੋੜ ਹੋਈ ਤਾਂ ਅਸੀਂ ਤੁਹਾਨੂੰ ਦੋਬਾਰਾ ਸੰਪਰਕ ਕਰਾਂਗੇ।

## ਸਿਹਤ ਦੇ ਮੁਆਇਨੇ ਵਾਸਤੇ ਨਿਯੁਕਤੀ ਦਾ ਸਮਾਂ ਤਹਿ ਕਰਨਾ

ਅਸੀਂ ਤੁਹਾਨੂੰ ਦੱਸਾਂਗੇ ਜੇ ਤੁਹਾਨੂੰ ਆਪਣੇ ਵੀਜ਼ੇ ਵਾਸਤੇ ਸਿਹਤ ਦਾ ਮੁਆਇਨਾ ਕਰਵਾਉਣ ਦੀ ਲੋੜ ਹੈ। ਜੇ ਤੁਸੀਂ ਜਵਾਬ ਦੇਣ ਲਈ ਬੂਪਾ ਮੈਡੀਕਲ ਵੀਜ਼ਾ ਸਰਵਿਸਜ਼ ਨਾਲ ਬੇਨਤੀ ਕੀਤੇ ਸਮੇਂ ਦੇ ਅੰਦਰ ਨਿਯੁਕਤੀ ਦਾ ਸਮਾਂ ਤਹਿ ਕਰਨ ਵਿੱਚ ਨਾਕਾਮ ਰਹਿੰਦੇ ਹੋ, ਜਾਂ ਤੁਹਾਡੀ ਨਿਯੁਕਤੀ ਰੱਦ ਹੋ ਜਾਂਦੀ ਹੈ:

- ਆਪਣੇ ImmiAccount ਵਿੱਚ ਸਪੱਸ਼ਟੀਕਰਨ ਅੱਪਲੋਡ ਕਰੋ
- ਜਿੱਥੇ ਸੰਭਵ ਹੋਵੇ, ਅਗਲੀ ਉਪਲਬਧ ਤਰੀਕ ਨੂੰ ਨਿਯੁਕਤੀ ਦਾ ਸਮਾਂ ਤਹਿ ਕਰੋ
- ਜਦੋਂ ਤੁਹਾਨੂੰ ਨਿਯੁਕਤੀ ਦਾ ਸਮਾਂ ਮਿਲ ਜਾਂਦਾ ਹੈ, ਆਪਣੀ ਤਹਿ ਹੋਈ ਨਿਯੁਕਤੀ ਦੀ ਤਰੀਕ ਸਾਨੂੰ ਆਪਣੇ ImmiAccount ਦੇ ਰਾਹੀਂ ਦੱਸੋ।

ਤੁਹਾਡੇ ਵੀਜ਼ੇ ਦੀ ਅਰਜ਼ੀ ਨੂੰ ਵਿਚਾਰਨ ਦੇ ਸਮੇਂ ਸੇਵਾਵਾਂ ਦੇ ਵਿੱਚ ਹੋਈਆਂ ਦੇਰੀਆਂ ਜਾਂ ਉਹਨਾਂ ਦੇ ਬੰਦ ਹੋਣ ਨੂੰ ਅਸੀਂ ਧਿਆਨ ਵਿੱਚ ਰੱਖਾਂਗੇ। ਤੁਹਾਡੀ ਅਰਜ਼ੀ ਉੱਤੇ ਫੈਸਲਾ ਲੈਣ ਤੋਂ ਪਹਿਲਾਂ ਜੇ ਸਾਨੂੰ ਅਜੇ ਵੀ ਹੋਰ ਜਾਣਕਾਰੀ ਦੀ ਲੋੜ ਹੋਈ ਤਾਂ ਅਸੀਂ ਤੁਹਾਨੂੰ ਦੋਬਾਰਾ ਸੰਪਰਕ ਕਰਾਂਗੇ।

## COVID-19 ਮਹਾਂਮਾਰੀ ਘਟਨਾ ਵੀਜ਼ਾ

ਜੇਕਰ ਆਸਟ੍ਰੇਲੀਆ ਵਿੱਚ ਤੁਹਾਡਾ ਵਿਜ਼ਟਰ ਵੀਜ਼ਾ ਖਤਮ ਹੋ ਰਿਹਾ ਹੈ, ਤੁਸੀਂ ਇਸ ਸਮੇਂ ਵਾਪਸ ਆਪਣੇ ਦੇਸ਼ ਨਹੀਂ ਜਾ ਸਕਦੇ ਹੋ ਅਤੇ ਤੁਸੀਂ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਹੋ, ਤੁਸੀਂ ਆਰਜ਼ੀ ਗਤੀਵਿਧੀ (ਸਬਕਲਾਸ 408) ਆਸਟ੍ਰੇਲੀਆ ਸਰਕਾਰ ਦਆਰਾ ਸਮਰਥਿਤ ਘਟਨਾ ਸਟਰੀਮ (COVID-19 ਮਹਾਂਮਾਰੀ ਘਟਨਾ ਵੀਜ਼ਾ) ਦੇ ਯੋਗ ਹੋ ਸਕਦੇ ਹੋ।

ਤੁਹਾਨੂੰ ਇਹ ਵਿਖਾਉਣ ਦੀ ਲੋੜ ਹੋਵੇਗੀ ਕਿ ਕਿਉਂ ਤੁਸੀਂ ਕਿਸੇ ਹੋਰ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ ਹੋ। ਇਸ ਵਿੱਚ ਬਿਆਨ ਅਤੇ ਸਬੂਤ ਸ਼ਾਮਲ ਹੋ ਸਕਦੇ ਹਨ ਕਿ ਤੁਹਾਡੇ ਕੋਲ ਅਗਲੇਰੇ ਵੀਜ਼ੇ ਲਈ ਅਰਜ਼ੀ ਦੀ ਫੀਸ (VAC) ਦਾ ਭੁਗਤਾਨ ਕਰਨ ਲਈ ਕਾਫੀ ਰਕਮ ਤੱਕ ਪਹੁੰਚ ਨਹੀਂ ਹੈ।

ਜੇ ਤੁਸੀਂ ਹੋਰ ਨਾ ਠਹਿਰਣ ਦੀ ਸ਼ਰਤ ਦੇ ਅਧੀਨ ਹੋ ਤਾਂ COVID-19 ਮਹਾਂਮਾਰੀ ਘਟਨਾ ਵੀਜ਼ੇ ਵਾਸਤੇ ਅਰਜ਼ੀ ਦੇਣ ਤੋਂ ਪਹਿਲਾਂ ਤੁਹਾਨੂੰ ਇਸਨੂੰ ਜ਼ਰੂਰ ਹਟਵਾਉਣਾ ਚਾਹੀਦਾ ਹੈ।